# ਖ਼ਾਲਸਾ ਕਾਲਜ ਨੂੰ ਯੂਨੀਵਰਸਿਟੀ 'ਚ ਬਦਲਣ ਨਹੀਂ ਦੇਵਾਂਗੇ - ਕੈਪਟਨ



**ਅੰਮ੍ਰਿਤਸਰ / ਬਿਓਰੋ** - ਅੰਮ੍ਰਿਤਸਰ ਦੀ ਇੱਕ ਫੇਰੀ ਦੌਰਾਨ ਖ਼ਾਲਸਾ ਕਾਲਜ ਪੁੱਜੇ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਦਿਅਕ ਅਦਾਰੇ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਕਿਸੇ ਵੀ ਕੀਮਤ 'ਤੇ ਨਿੱਜੀ ਯੂਨੀਵਰਸਟੀ 'ਚ ਤਬਦੀਲ ਨਹੀਂ ਕਰਨ ਦਿਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਉਨ੍ਹਾਂ ਖ਼ਾਲਸਾ ਕਾਲਜ ਨੂੰ ਨਿਜੀ ਯੂਨੀਵਰਸਟੀ 'ਚ ਬਦਲਣ ਦੀ ਕੋਸ਼ਿਸ਼ ਕੀਤੀ ਤਾਂ ਕਾਂਗਰਸ ਸਰਕਾਰ ਆਉਣ 'ਤੇ ਇਸ ਨੂੰ ਢਾਹ ਦਿਤਾ ਜਾਵੇਗਾ।

ਕੈਪਟਨ ਮੁਤਾਬਕ ਕਾਲਜ ਦੇ ਮੌਜੂਦਾ ਪ੍ਰਬੰਧਕ ਇਸ ਵਿਰਾਸਤੀ ਅਦਾਰੇ ਦੀ ਅਰਬਾਂ ਰੁਪਏ ਦੀ ਬੇਸ਼ਕੀਮਤੀ ਜ਼ਮੀਨ ਹੜੱਪਣ ਲਈ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਟਿਆਲਾ ਰਿਆਸਤ ਸਮੇਤ ਵੱਖ-ਵੱਖ ਸਿੱਖ ਅਹਿਮ ਹਸਤੀਆਂ ਦਾ ਅਤੀਤ ਖ਼ਾਲਸਾ ਕਾਲਜ ਨਾਲ ਜੁੜਿਆ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦੇ ਵੱਡੇ-ਵਡੇਰੇ ਅਤੇ ਉਹ ਖ਼ੁਦ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਚਾਂਸਲਰ ਰਹੇ ਹਨ। ਕੈਪਟਨ ਨੇ ਕਿਹਾ ਕਿ ਜੇ ਯੂਨੀਵਰਸਟੀ ਬਣਾਉਣੀ ਹੈ ਤਾਂ ਪੰਜਾਬ ਦੇ ਕਿਸੇ ਹੋਰ ਜ਼ਿਲ੍ਹੇ ਵਿਚ ਬਣਾ ਲੈਣ ਕਿਉਂਕਿ ਇਥੇ ਪਹਿਲਾਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੈ।

ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਕਾਲਜ ਦੀ ਮੌਜੂਦਾ ਹੋਂਦ ਨੂੰ ਬਰਕਰਾਰ ਰੱਖਿਆ ਜਾਵੇਗਾ ਪਰ ਇਸ ਦੇ ਨਾਲ ਹੀ ਨਿੱਜੀ ਯੂਨੀਵਰਸਟੀ ਬਣਾਈ ਜਾਵੇਗੀ।

# ਬੱਚਿਆਂ ਦੀ ਤਸਕਰੀ ਕਰਨ ਵਾਲੇ ਇੱਕ ਗਰੋਹ ਦੀ ਸਨਸਨੀ ਖੇਜ਼ ਕਹਾਣੀ



**ਲੁਧਿਆਣਾ/ ਬਿਓਰੋ** - ਲੁਧਿਆਣਾ ਪੁਲਿਸ ਨੇ ਬੱਚਿਆਂ ਦੀ ਤਸਕਰੀ ਕਰਨ ਵਾਲੇ ਇੱਕ ਗਰੋਹ ਦੀਆਂ ਮੈਂਬਰ ਤਿੰਨ ਔਰਤਾਂ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਲਜ਼ਾਮ ਹਨ ਕਿ ਇਸ ਗਰੋਹ ਦੇ ਮੈਂਬਰ ਨਵਜੰਮੇ ਬੱਚਿਆਂ ਦੀ ਖਰੀਦੋ ਫਰੋਖਤ ਦਾ ਧੰਦਾ ਕਰਦੇ ਸਨ। ਪੁਲਿਸ ਮੁਤਾਬਕ ਸ਼ਹਿਰ ਦੇ ਤਾਜਪੁਰ ਰੋਡ 'ਤੇ ਨਾਕੇਬੰਦੀ ਦੌਰਾਨ ਇਸ ਗਰੋਹ ਨੂੰ ਕਾਬੂ ਕੀਤਾ ਗਿਆ ਹੈ। ਇਨ੍ਹਾਂ ਕੋਲੋਂ ਪੰਜ ਦਿਨਾਂ ਦਾ ਬੱਚਾ ਤੇ ਮਾਰੂਤੀ ਕਾਰ ਬਰਾਮਦ ਕੀਤੀ ਗਈ ਹੈ। ਇਨ੍ਹਾਂ ਚਾਰਾਂ ਮੁਲਜ਼ਮਾਂ 'ਚੋਂ ਤੇਜਬੀਰ ਸਿੰਘ ਤੇ ਰਛਪਾਲ ਕੌਰ ਮੋਗਾ ਦੇ ਰਹਿਣ ਵਾਲੇ ਹਨ, ਬਲਜਿੰਦਰ ਕੌਰ ਲੁਧਿਆਣਾ ਦੇ ਸ਼ਿਮਲਾਪੁਰੀ ਇਲਾਕੇ ਦੀ ਰਹਿਣ ਵਾਲੀ ਹੈ ਤੇ ਗੁਰਮੀਤ ਕੌਰ ਫਰੀਦਕੋਟ ਦੀ ਰਹਿਣ ਵਾਲੀ ਹੈ। ਇਨ੍ਹਾਂ ਮੁਲਜ਼ਮਾਂ ਨੇ ਬੱਚਾ ਮੁਕਤਸਰ ਤੋਂ ਖਰੀਦਿਆ ਸੀ ਤੇ ਮੋਟੀ ਰਕਮ 'ਤੇ ਅੱਗੇ ਵੇਚਣਾ ਸੀ।

ਪੁਲਿਸ ਦੀ ਪੁੱਛਗਿੱਛ ਦੌਰਾਨ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਕਿ ਇਹ ਗਰੋਹ ਆਸ਼ਾ ਵਰਕਰਾਂ ਤੇ ਝੋਲਾਛਾਪ ਡਾਕਟਰਾਂ ਤੋਂ ਗਰਭਵਤੀ ਔਰਤਾਂ ਬਾਰੇ ਜਾਣਕਾਰੀ ਲੈਂਦਾ ਸੀ। ਜਾਣਕਾਰੀ ਇਹ ਵੀ ਲਈ ਜਾਂਦੀ ਕਿ ਕੌਣ ਬੱਚਾ ਵੇਚਣ ਦਾ ਇੱਛੁਕ ਹੈ। ਇਸ ਤੋਂ ਬਾਅਦ ਗਰੋਹ ਦੇ ਮੈਂਬਰ ਸਬੰਧਤ ਪਰਿਵਾਰ ਨਾਲ ਰਾਬਤਾ ਕਾਇਮ ਕਰ ਸੌਦੇਬਾਜ਼ੀ ਕਰਦੇ ਸਨ। ਇਨ੍ਹਾਂ ਵਿੱਚੋਂ ਦੋ ਔਰਤਾਂ ਖ਼ਿਲਾਫ ਪਹਿਲਾਂ ਵੀ ਫਰੀਦਕੋਟ ਦੇ ਕੋਟਕਪੂਰਾ ਵਿੱਚ ਬੱਚਿਆਂ ਦੀ ਤਸਕਰੀ ਦਾ ਕੇਸ ਦਰਜ ਹੈ। ਪੁਲਿਸ ਮੁਤਾਬਕ ਇਹ ਮੁਲਜ਼ਮ ਪਹਿਲਾਂ ਵੀ 84 ਬੱਚਿਆਂ ਦਾ ਸੌਦਾ ਕਰ ਚੁੱਕੇ ਹਨ। ਫਿਲਹਾਲ ਪੁਲਿਸ ਇਸ ਸ਼ਾਤਿਰ ਗਰੋਹ ਤੋਂ ਪੁੱਛਗਿੱਛ ਕਰ ਰਹੀ ਹੈ ਕਿ ਇਨ੍ਹਾਂ ਨੇ ਕਿੰਨੇ ਪਰਿਵਾਰਾਂ ਨੂੰ ਇਸ ਗੁਨਾਹ ਦਾ ਹਿੱਸੇਦਾਰ ਬਣਾਇਆ ਹੈ।

# ਦੁਬਈ ਤੋਂ ਸੋਨਾ ਲੈ ਕੇ ਆਇਆ ਪੰਜਾਬੀ ਦਬੋਚਿਆ

**ਅੰਮ੍ਰਿਤਸਰ/ ਧੰਨਵਾਦ ਸਹਿਤ ਏ ਬੀ ਪੀ ਸਾਂਝਾ** - ਕਸਟਮ ਵਿਭਾਗ ਨੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਾਸ਼ਟਰੀ ਹਵਾਈ ਅੱਡੇ 'ਤੇ ਦੁਬਈ ਤੋਂ ਆਈ ਫਲਾਈਟ ਵਿੱਚ ਇੱਕ ਕਿੱਲੋ ਸੋਨਾ ਲੈ ਕੇ ਆਏ ਇੱਕ ਸ਼ਖਸ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਸੋਨਾ ਲੈਣ ਆਏ, ਉਸ ਦੇ ਸਾਥੀ ਨੂੰ ਵੀ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਕੀਤੇ ਗਏ ਦੋਵੇਂ ਮੁਲਜ਼ਮ ਪਟਿਆਲਾ ਦੇ ਰਹਿਣ ਵਾਲੇ ਹਨ।

ਕਸਟਮ ਦੇ ਅਸਿਸਟੈਂਟ ਕਮਿਸ਼ਨਰ ਅਮਨਜੀਤ ਸਿੰਘ ਨੇ ਦੱਸਿਆ ਕੇ ਰਾਤ ਨੂੰ ਦੁਬਈ ਤੋਂ ਅੰਮ੍ਰਿਤਸਰ ਆਈ ਫਲਾਈਟ ਵਿੱਚ ਸਵਾਰ ਗੁਰਧਿਆਨ ਸਿੰਘ ਨਾਮ ਦੇ ਨੌਜਵਾਨ ਕੋਲੋਂ ਤਲਾਸ਼ੀ ਦੌਰਾਨ 1 ਕਿਲੋ 100 ਗ੍ਰਾਮ ਸੋਨਾ ਬਰਾਮਦ ਕੀਤਾ ਗਿਆ ਹੈ। ਉਸ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਹਵਾਈ ਅੱਡੇ 'ਤੇ ਉਸ ਕੋਲੋਂ ਸੋਨਾ ਲੈਣ ਲਈ ਆਏ ਜਸਕੀਰਤ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਦੋਵਾਂ ਕੋਲੋਂ ਕੀਤੀ ਗਈ ਪੁੱਛ-ਗਿੱਛ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਉਹ ਦੁਬਈ ਦੇ ਸੋਨਾ ਤਸਕਰ ਸੰਜੀਵ ਥਾਪਾ ਲਈ ਕੰਮ ਕਰਦੇ ਹਨ। ਕਸਟਮ ਨੇ ਆਪਣੀ ਕਾਰਵਾਈ ਮੁਕੰਮਲ ਕਰਨ ਮਗਰੋਂ ਸੋਨਾ ਜ਼ਬਤ ਕਰ ਲਿਆ ਹੈ ਤੇ ਦੋਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ।

# ਸਰੂਪ ਪਰਿੰਦਾ ਉਰਫ ਅਤਰੋ ਚਾਚੀ ਅੱਜ ਚਲ ਵਸੀ !



**ਲੁਧਿਆਣਾ / ਡਾ.ਮਨਜੀਤ ਸਿੰਘ ਸਰਾਂ** - ਪੰਜਾਬੀ ਫਿਲਮਾਂ, ਸੀਰੀਅਲਾਂ ਅਤੇ ਗੀਤਾਂ 'ਚ ਆਪਣਾ ਵੱਖੋ-ਵੱਖਰੀ ਤਰ੍ਹਾਂ ਕਿਰਦਾਰ ਨਿਭਉਣ ਵਾਲੇ ਸਰੂਪ ਪਰਿਦਾ ਉਰਫ ਚਾਚੀ ਅਤਰੋ ਇਸ ਫਾਨੀ ਸੰਸਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਏ। ਅਤਰੋ ਚਾਚੀ ਦੀ ਸਹਿਯੋਗੀ ਚਤਰੋ ਚਾਚੀ ਕਾਫੀ ਸਾਲ ਪਹਿਲਾਂ ਸਵਰਗਵਾਸ ਹੋ ਗਈ ਸੀ। ਸਰੂਪ ਪਰਿਦਾ ਪੰਜਾਬੀ ਫਿਲਮ ਜਗਤ 'ਚ ਇਕ ਨਾਮਵਾਰ ਕਲਾਕਾਰ ਸਨ। ਉਨ੍ਹਾਂ ਦੇ ਜਾਣ ਨਾਲ ਸਭਿਆਚਾਰਕ ਹਲਕਿਆਂ 'ਚ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਮੀਰੀ ਪੀਰੀ ਕਲੱਬ ਕਪੂਰਥਲਾ ਨੇ ਕੀਤਾ ਚੰਦ ਪੁਰਾਣੇ ਦੇ ਕਬੱਡੀ ਕੱਪ ਦੇ ਪਹਿਲੇ ਇਨਾਮ ਤੇ ਕਬਜ਼ਾ

# ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਜਲਦ ਹੀ ਸੰਤ ਬਾਬਾ ਨਛੱਤਰ ਸਿੰਘ ਦੀ ਯਾਦ 'ਚ ਕਬੱਡੀ ਅਕੈਡਮੀ ਦੇ ਗਠਨ ਦਾ ਐਲਾਨ



**ਬਾਘਾ ਪੁਰਾਣਾ / ਸਭਾਜੀਤ ਪੱਪੂ**

ਮਾਲਵੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ (ਮੋਗਾ) ਵਿਖੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਮੁੱਖ ਸੇਵਾਦਾਰ ਅਤੇ ਉੱਘੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ ਨੌਵਾਂ ਕਬੱਡੀ ਕੱਪ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ। ਇਸ ਟੂਰਨਾਮੈਂਟ ਦੇ ਪਹਿਲੇ ਦਿਨ ਦਾ ਉਦਘਾਟਨ ਸੰਤ ਬਾਬਾ ਗੁਰਦੀਪ ਸਿੰਘ ਵਲੋਂ ਕੀਤਾ ਗਿਆ ਸੀ।

ਇਸ ਟੂਰਨਾਮੈਂਟ ਵਿੱਚ ਕਬੱਡੀ 75 ਕਿਲੋ, ਕਬੱਡੀ ਓਪਨ ਅਤੇ ਅਕੈਡਮੀਆਂ ਦੇ ਫਸਵੇਂ ਮੁਕਾਬਲੇ ਕਰਵਾਏ ਗਏ। ਇਸ ਮੌਕੇ ਕੁਮੈਂਟੇਟਰਾਂ ਦੇ ਸ਼ੋਅ ਮੈਚ ਕਰਵਾਏ ਗਏ ਜਿਸ ਵਿਚ ਅਮਨ ਲੋਪੋਂ ਦੀ ਟੀਮ ਜੇਤੂ ਰਹੀ। ਇਸ ਟੂਰਨਾਮੈਂਟ ਦੌਰਾਨ ਕਬੱਡੀ 75 ਕਿਲੋ 'ਚ ਸਿੰਘਾਵਾਲਾ ਦੀ ਟੀਮ ਨੇ ਪਹਿਲਾ, ਮਾਣੂੰਕੇ ਗਿੱਲ ਨੇ ਦੂਜਾ, ਕਬੱਡੀ ਓਪਨ 'ਚ ਚੀਮਾ ਜੋਧਪੁਰ ਦੀ ਟੀਮ ਨੇ ਪਹਿਲਾ ਸਥਾਨ, ਚੰਦ ਪੁਰਾਣਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਅਕੈਡਮੀਆਂ 'ਚ ਫਾਈਨਲ ਮੁਕਾਬਲਾ ਮੀਰੀ-ਪੀਰੀ ਕਬੱਡੀ ਕਲੱਬ ਕਪੂਰਥਲਾ ਨੇ ਪਹਿਲਾ ਸਥਾਨ ਜਦਕਿ ਆਜ਼ਾਦ ਕਬੱਡੀ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕਬੱਡੀ ਓਪਨ 'ਚ ਬੈਸਟ ਜਾਫ਼ੀ ਪ੍ਰਗਟ ਜੋਧਪੁਰ ਚੀਮਾ ਅਤੇ ਰੇਡਰ ਗੁਰਲਾਲ ਗੰਗਾ ਜੋਧਪੁਰ ਚੀਮਾ ਨੂੰ ਮੋਟਰ ਸਾਈਕਲਾਂ ਨਾਲ ਸਨਮਾਨਿਤ ਕੀਤਾ ਗਿਆ ਜਦਕਿ ਅਕੈਡਮੀਆਂ ਦੇ ਬੈਸਟ ਜਾਫ਼ੀ ਅਮਨ ਥਿਗਲੀ ਅਤੇ ਮੋਟਾ ਕਾਉਂਕੇ ਜਦਕਿ ਰੇਡਰ ਬਾਗੀ ਪਰਮਜੀਤਪੁਰੇ ਵਾਲਾ ਜਿਨ੍ਹਾਂ ਨੂੰ ਬਾਬਾ ਗੁਰਦੀਪ ਸਿੰਘ ਵਲੋਂ ਨੁਕਰੇ ਘੋੜਿਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਵਲੋਂ ਪ੍ਰਸਿੱਧ ਕਬੱਡੀ ਖਿਡਾਰੀ ਜੱਸਾ ਚੰਦ ਪੁਰਾਣਾ ਨੂੰ ਬੋਲਟ ਮੋਟਰ ਸਾਈਕਲ, ਕੁਮੈਂਟਰ ਅਮਨ ਲੋਪੋਂ ਨੂੰ ਮੋਟਰ ਸਾਈਕਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ, ਏ.ਡੀ.ਸੀ. ਅਰਵਿੰਦਰਪਾਲ ਸਿੰਘ ਸੰਧੂ ਅਤੇ ਗੁਰਮਿੰਦਰਜੀਤ ਸਿੰਘ ਬੱਬਲੂ ਪੀ.ਏ. ਜਥੇਦਾਰ ਤੋਤਾ ਸਿੰਘ ਵੱਲੋਂ ਜੇਤੂ ਟੀਮਾਂ ਨੂੰ ਨਗਦ ਰਾਸ਼ੀ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਦੌਰਾਨ ਰਿਪੀ ਬਰਾੜ ਰੌਂਤਾਵਾਲਾ, ਰੁਪਿੰਦਰ ਜਲਾਲ, ਦਿਲਬਾਗ ਸਿੰਘ ਰੌਂਤਾਵਾਲਾ, ਅਮਨ ਲੋਪੋਂ, ਸੁਖਰਾਜ ਰੋਡੇ ਅਤੇ ਬੂਟਾ ਖਾਨ ਆਲਮਵਾਲਾ ਨੇ ਆਪਣੀ ਸ਼ਾਇਰੋ ਸ਼ਾਇਰੀ ਨਾਲ ਆਏ ਖੇਡ ਪ੍ਰੇਮੀਆਂ ਦਾ ਮਨ ਮੋਹਿਆ।

ਇਸ ਟੂਰਨਾਮੈਂਟ ਦੌਰਾਨ ਸੰਤ ਬਾਬਾ ਗੁਰਦੀਪ ਸਿੰਘ ਨੇ ਇਹ ਐਲਾਨ ਕੀਤਾ ਕਿ ਜਲਦ ਹੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਯਾਦ 'ਚ ਕਬੱਡੀ ਅਕੈਡਮੀ ਦਾ ਗਠਨ ਕੀਤਾ ਜਾਵੇਗਾ ਅਤੇ ਇਸ ਅਕੈਡਮੀ ਦੌਰਾਨ ਖੇਡਣ ਵਾਲੇ ਖਿਡਾਰੀਆਂ ਨੂੰ ਗੁਰਦੁਆਰਾ ਸਾਹਿਬ ਵੱਲੋਂ ਹਰੇਕ ਸਹੂਲਤ ਦਿੱਤੀ ਜਾਵੇਗੀ। ਇਸ ਮੌਕੇ ਰੱਸਾ ਕੱਸੀ ਮੁਕਾਬਲਿਆਂ ਦੌਰਾਨ ਵੀ ਨੌਜਵਾਨਾਂ ਨੇ ਆਪਣੇ ਜੌਹਰ ਦਿਖਾਏ ਜਦਕਿ ਪੈਰਾਸ਼ੂਟ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੇ ਵੱਡੇ ਪੱਧਰ ਤੇ ਕੀਤੇ ਗਏ ਪ੍ਰਬੰਧਾਂ ਨੂੰ ਵੀ ਫਿੱਕੇ ਪਾ ਦਿੱਤਾ।

ਇਸ ਮੌਕੇ ਦਰਸ਼ਨ ਸਿੰਘ ਬਰਾੜ ਸਾਬਕਾ ਮੰਤਰੀ ਅਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਮੋਗਾ, ਤਰਸੇਮ ਸਿੰਘ ਰੱਤੀਆ ਚੇਅਰਮੈਨ ਮਾਰਕਿਟ ਕਮੇਟੀ ਮੋਗਾ, ਹਰਮੇਲ ਸਿੰਘ ਮੌੜ ਚੇਅਰਮੈਨ ਮਾਰਕਿਟ ਕਮੇਟੀ ਬਾਘਾ ਪੁਰਾਣਾ, ਹਰੀ ਸਿੰਘ ਖਾਈ ਜ਼ਿਲ੍ਹਾ ਪ੍ਰਧਾਨ ਜਾਟ ਮਹਾਂ ਸਭਾ ਮੋਗਾ, ਇੰਦਰਜੀਤ ਸਿੰਘ ਬੀੜ ਚੜਿੱਕ, ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆ, ਬਲਜਿੰਦਰ ਸਿੰਘ ਕੁੱਕੂ ਮੈਂਬਰ ਮਾਰਕਿਟ ਕਮੇਟੀ ਮੋਗਾ, ਦਿਲਬਾਗ ਸਿੰਘ ਐਸ.ਐਚ.ਓ ਨਿਹਾਲ ਸਿੰਘ ਵਾਲਾ, ਏ.ਐਸ.ਆਈ. ਤਰਸੇਮ ਸਿੰਘ ਟ੍ਰੈਫਿਕ ਇੰਚਾਰਜ ਐਜੂਕੇਸ਼ਨ ਸੈੱਲ ਮੋਗਾ, ਗੁਰਪ੍ਰੀਤ ਸਿੰਘ ਗੋਗੀ ਕੈਨੇਡਾ, ਨਿਰਭੈ ਸਿੰਘ ਬਦੇਸ਼ਾ ਯੂ.ਕੇ., ਚਮਕੌਰ ਸਿੰਘ ਯੂ.ਕੇ, ਬਲਦੇਵ ਸਿੰਘ ਸਕਿਉਰਟੀ ਇੰਚਾਰਜ, ਬੌਬੀ ਹਾਂਗਕਾਂਗ, ਹਰਜੀਤ ਸਿੱਧੂ ਪੰਜਾਬੀ ਲੋਕ ਗਾਇਕ, ਚਮਕੌਰ ਸਿੰਘ ਇਟਲੀ, ਦਰਸ਼ਨ ਸਿੰਘ ਡਰੋਲੀ ਭਾਈ, ਨੰਦ ਸਿੰਘ ਬਰਾੜ ਕੌਂਸਲਰ, ਜਗਸੀਰ ਸਿੰਘ ਸਰਪੰਚ ਚੰਦ ਪੁਰਾਣਾ, ਪ੍ਰਿਤਪਾਲ ਸਿੰਘ, ਮਨਜੀਤ ਸਿੰਘ ਦੋਵੇਂ ਸਾਬਕਾ ਸਰਪੰਚ ਚੰਦ ਪੁਰਾਣਾ, ਡਾ. ਅਵਤਾਰ ਸਿੰਘ, ਡਾ. ਬਲਦੇਵ ਸਿੰਘ, ਲਖਵਿੰਦਰ ਸਿੰਘ ਬੀੜ ਚੜਿੱਕ ਤੋਂ ਇਲਾਵਾ ਭਾਰੀ ਗਿਣਤੀ 'ਚ ਖੇਡ ਪ੍ਰੇਮੀ ਹਾਜ਼ਰ ਸਨ। ਇਸ ਟੂਰਨਾਮੈਂਟ ਦੌਰਾਨ ਰੈਫਰੀ ਦੀ ਭੂਮਿਕਾ ਗੁਰਜੀਤ ਸਿੰਘ ਲੰਗੇਆਣਾ, ਰੇਸ਼ਮ ਸਿੰਘ ਫੂਲੇਵਾਲਾ, ਅਜਮੇਰ ਸਿੰਘ ਆਲਮਵਾਲਾ ਕਲਾਂ, ਸੂਬਾ ਭੇਡੀਪੁਰਾ ਅਤੇ ਸਟੇਜ ਸਕੱਤਰ ਦੀ ਭੂਮਿਕਾ ਡਾ. ਬਲਦੇਵ ਸਿੰਘ ਚੰਦ ਪੁਰਾਣਾ ਨੇ ਬਾਖੂਬੀ ਨਿਭਾਈ।

# ਜੇਕਰ ਸੋਨੀਆ ਗਾਂਧੀ, ਰਾਹੁਲ ਗਾਂਧੀ ਜਾਂ ਨਰਿੰਦਰ ਮੋਦੀ ਪੰਜਾਬ 'ਚੋਂ "ਗੋ-ਬੈਕ" ਨਹੀ ਤਾਂ ਫੇਰ ਕੇਜਰੀਵਾਲ "ਗੋ ਬੈਕ" ਕਿਓਂ?

## ਮੈਨੂੰ ਲੱਗਦਾ ਹੈ ਕਿ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਰੋਕੂ ਸ਼ਬਦ ਇਨ੍ਹਾਂ ਲਈ ਡਰ ਬਣੇ ਹੋਏ ਹਨ



**ਚੰਡੀਗੜ੍ਹ / ਡਾ. ਮਨਜੀਤ ਸਿੰਘ ਸਰਾਂ** - ਮੈਨੂੰ ਇਕ ਗਲ ਸਮਝ ਨਹੀ ਆ ਰਹੀ ਕਿ ਅਕਾਲੀਆਂ ਜਾਂ ਕਾਂਗਰਸੀਆਂ ਨੂੰ ਆਖਰ ਕੇਜਰੀਵਾਲ ਤੋਂ ਡਰ ਕੀ ਹੈ? ਕੀ ਇਹ ਲੋਕਾਂਤਰ ਹੈ? ਕੇਜਰੀਵਾਲ ਨੇ ਆਖਰ ਕੀ ਗੁਨਾਹ ਕਰ ਦਿੱਤਾ ਕਿ ਉਸ ਨੂੰ "ਗੋ-ਬੈਕ" ਦਾ ਡਰ ਦਿਖਾਇਆ ਜਾ ਰਿਹਾ ਹ। ਉਪਰੋਂ ਖੁਫੀਆ ਏਜੰਸੀਆਂ ਇਝ ਉਸਦਾ ਪਿਛਾ ਕਰ ਰਹੀਆਂ ਕਿ ਜਿਵੇਂ ਓਹ ਕੋਈ ਵਿਦੇਸ਼ੀ ਅੱਤਵਾਦੀ ਹੋਵੇ ਭਾਵ ਇਸ ਤਰ੍ਹਾਂ-ਤਰ੍ਹਾਂ ਦੇ ਹਥ ਕੰਡੇ ਦਿਖਾ ਕੇ ਉਸਨੂੰ ਪੰਜਾਬ 'ਚੋਂ ਵਰਜਿਆ ਜਾ ਰਿਹਾ ਹੈ ਪਰ ਇਹ ਪਾਰਟੀਆਂ ਇਹ ਨਹੀ ਜਾਣਦੀਆਂ ਕਿ ਓਹ ਆਪਣੇ ਹੱਥੀਂ "ਆਪ" ਨੂੰ ਸੱਤਾ ਪਰੋਸ ਕੇ ਦੇ ਰਹੀਆਂ ਹਨ। ਅਰਵਿੰਦ ਕੇਜਰੀਵਾਲ ਦੇ ਬਠਿੰਡਾ ਪਹੁੰਚਣ ਭਾਜਪਾਈਆਂ ਨੇ ਉਨ੍ਹਾਂ ਦਾ ਘਿਰਾਓ ਕਰ ਕੇ "ਗੋ ਬੈਕ ਕੇਜਰੀਵਾਲ" ਦੇ ਨਾਅਰੇ ਲਾਏ। ਇਹੀ ਹਾਲ ਮੋਗਾ ਤੇ ਕੋਟ ਈਸੇ ਖਾਂ 'ਚ ਹੋਇਆ। ਮੈਨੂੰ ਸਮਝ ਨਹੀ ਆਉਂਦੀ ਕਿ ਇਨਾਂ ਪਾਰਟੀਆਂ ਪਿਛੇ ਲੱਗ ਕੇ ਸਾਡੇ ਲੋਕ ਮੂਰਖ ਕਿਓਂ ਬਣ ਰਹੇ ਹਨ। ਮੈਨੂੰ ਕਦੇ ਕਦੇ ਇਹ ਲੱਗ ਰਿਹਾ ਹੈ ਕਿ ਕੇਜਰੀਵਾਲ ਦੇ ਬਣੇ ਪ੍ਰਭਾਵ ਨੂੰ ਦੇਖਦੇ ਇਹ ਦੋਵੇਂ ਪਾਰਟੀਆਂ ਚੋਣਾਂ 'ਚ ਇਕ ਹੋ ਕੇ ਚੋਣਾਂ ਨਾਂ ਲੜ ਜਾਣ..ਕਿਓਂਕਿ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਰੋਕੂ ਸ਼ਬਦ ਇਨ੍ਹਾਂ ਲਈ ਡਰ ਬਣੇ ਹੋਏ ਹਨ।